بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡد

لَا اِلٰہَ اِلَّا اللّٰہُ مُحَمَّدٌ رَّسُوۡلُ اللّٰہ



دفتر مجلس انصار اللہ بھارت

**Office Of The Majlis Ansarullah Bharat**

Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in    ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)


# ਗ਼ਜ਼ਵਾ ਖ਼ੈਬਰ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ ਅਤੇ ਦੁਆਵਾਂ ਦੀ ਤਹਰੀਕ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 07 ਫ਼ਰਵਰੀ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشۡهَدُ أَنۡ لَّآ إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ ۞ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ ۞ بِسۡمِ اللّٰهِ الرَّحۡمٰنِ الرَّحِيۡمِ ۞ أَلۡحَمۡدُ لِلّٰهِ رَبِّ الۡعٰلَمِيۡنَ ۞ أَلرَّحۡمٰنِ الرَّحِيۡمِ ۞ مٰلِكِ يَوۡمِ الدِّيۡنِ ۞ إِيَّاكَ نَعۡبُدُ وَإِيَّاكَ نَسۡتَعِيۡنُ ۞ إِهۡدِنَا الصِّرَاطَ الۡمُسۡتَقِيۡمَ ۞ صِرَاطَ الَّذِيۡنَ أَنۡعَمۡتَ عَلَيۡهِمۡ ۙ۬ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ۞

ਤਸ਼ੱਹੁਦ, ਤਅੱਵੁਜ਼ ਅਤੇ ਸੂਰਤ ਫ਼ਾਤਿਹਾ ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਗ਼ਜ਼ਵਾ ਖ਼ੈਬਰ ਦਾ ਜ਼ਿਕਰ ਹੋ ਰਿਹਾ ਸੀ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਖ਼ੈਬਰ ਵੱਲ ਰਵਾਨਾ ਹੋਣ ਦੀ ਤਫ਼ਸੀਲ ਇੰਝ ਹੈ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਅਗਵਾਈ ਵਿੱਚ ਸੋਲ਼ਾਂ ਸੌ (1600) ਫ਼ੌਜੀਆਂ ਦੀ ਫ਼ੌਜ ਮਦੀਨੇ ਤੋਂ ਰਵਾਨਾ ਹੋਈ। ਪਰ ਰਵਾਨਗੀ ਤੋਂ ਪਹਿਲਾਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇੱਕ ਖ਼ਬਰੀ ਦਸਤਾ ਅੱਗੇ ਰਵਾਨਾ ਕੀਤਾ ਜਿਸ ਦਾ ਕੰਮ ਸੀ ਕਿ ਫ਼ੌਜ ਦੇ ਅੱਗੇ ਅੱਗੇ ਰਸਤਿਆਂ ਦੀ ਦੇਖਭਾਲ ਕਰੇ ਅਤੇ  ਹਾਲਾਤ ਦਾ ਵੀ ਪਤਾ ਕਰੇ। ਇਸ ਦਸਤੇ ਦੇ ਆਗੂ ਹਜ਼ਰਤ ਉਬਾਦ ਬਿਨ ਬਸ਼ਰ ਅੰਸਾਰੀ  ਰਜ਼ਿ ਅੱਲਾਹੁ ਅਨਹੁ ਸਨ। ਖ਼ੈਬਰ ਦੇ ਰਸਤਿਆਂ ਤੋਂ ਆਗਾਹੀ ਦੇ ਲਈ ਦੋ ਰਸਤਾ ਦਿਖਾਉਣ ਵਾਲ਼ੇ ਯਾਨੀ ਗਾਈਡ ਮਜ਼ਦੂਰੀ ਤੇ ਲਏ ਗਏ, ਮਦੀਨੇ ਤੋਂ ਖ਼ੈਬਰ ਵੱਲ ਜਾਂਦੇ ਹੋਏ ਵੱਖ ਵੱਖ ਥਾਵਾਂ ਤੇ ਪੜਾਅ ਕਰਦੇ ਹੋਏ ਸਹਬਾ ਮਕ਼ਾਮ ‘ਤੇ ਪੜਾਅ ਕੀਤਾ। ਇੱਥੇ ਨਮਾਜ਼ ਦਾ ਵੇਲ਼ਾ ਹੋਇਆ ਤਾਂ ਇੱਥੇ ਨਮਾਜ਼ ਅਦਾ ਕੀਤੀ ਗਈ। ਬੁਖ਼ਾਰੀ ਦੀ ਰਿਵਾਇਤ ਵਿੱਚ ਹੈ ਕਿ ਸਹਬਾ ਵਿੱਚ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਅਸਰ ਦੀ ਨਮਾਜ਼ ਪੜ੍ਹੀ ਫਿਰ ਇਸਦੇ ਬਾਅਦ ਖਾਣ ਲਈ ਕੁੱਝ ਮੰਗਵਾਇਆ ਗਿਆ। ਫ਼ੌਜੀਆਂ ਦੇ ਕੋਲ਼ ਸਿਰਫ਼ ਸੱਤੂ ਹੀ ਸਨ, ਅਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਅਤੇ ਸਹਾਬਾ ਕਰਾਮ ਨੇ ਉਹੀ ਖਾਧੇ। ਰਾਵੀ ਬਿਆਨ ਕਰਦੇ ਹਨ ਕਿ ਫਿਰ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਮਗ਼ਰਿਬ ਦੀ ਨਮਾਜ਼ ਦੇ ਲਈ ਖੜੇ ਹੋ ਗਏ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਕੁੱਲੀ ਕੀਤੀ ਅਤੇ ਅਸੀਂ ਵੀ ਕੁੱਲੀ ਕੀਤੀ ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਨਮਾਜ਼ ਪੜ੍ਹੀ ਅਤੇ ਤਾਜ਼ਾ ਵਜ਼ੂ ਨਹੀਂ ਕੀਤਾ।

ਸਫ਼ਰ ਦੇ ਦੌਰਾਨ ਕੁੱਝ ਅਜਿਹੇ ਵਾਕ਼ੇ ਵੀ ਪੇਸ਼ ਆਏ ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਅਜਿਹੇ ਹੰਗਾਮੀ ਹਾਲਾਤਾਂ ਵਿੱਚ ਵੀ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਸਹਾਬਾ ਦੀ ਤਰਬੀਅਤ ਦਾ ਕਿੰਨਾ ਖ਼ਿਆਲ ਰੱਖਦੇ ਸਨ ਅਤੇ ਪ੍ਰਬੰਧ ਅਤੇ ਆਗਿਆਕਾਰੀ ਅਤੇ ਫ਼ਰਮਾਂਬਰਦਾਰੀ ਅਜਿਹੀਆਂ ਸਿਫ਼ਤਾਂ ਪੈਦਾ ਕਰਨ ਵੱਲ ਧਿਆਨ ਦਵਾਉਂਦੇ ਰਹਿੰਦੇ ਸਨ। ਇਸੇ ਤਰ੍ਹਾਂ ਦਾ ਇੱਕ ਵਾਕ਼ਿਆ ਬਿਆਨ ਹੋਇਆ ਹੈ ਕਿ ਇੱਕ ਰਾਤ ਫ਼ੌਜ ਦੇ ਅੱਗੇ ਅੱਗੇ ਕੋਈ ਲਿਸ਼ਕਦੀ ਹੋਈ ਚੀਜ਼ ਚੱਲਦੀ ਦਿਖਾਈ ਦਿੱਤੀ।  ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਫ਼ਿਕਰ ਹੋਈ ਅਤੇ ਪਤਾ ਕਰਨ ਤੇ ਪਤਾ ਲੱਗਾ ਕਿ ਇਸਲਾਮੀ ਫ਼ੌਜ ਦਾ ਇੱਕ ਸਿਪਾਹੀ ਸੀ ਜਿਹੜਾ ਫ਼ੌਜ ਛੱਡ ਕੇ ਸਭ ਤੋਂ ਅੱਗੇ ਅੱਗੇ ਚੱਲਦਾ ਜਾ ਰਿਹਾ ਸੀ। ਅਤੇ ਉਸਦੇ ਸਿਰ ਦਾ ਕਵਚ ਚਾਨਣੀ ਦੀ ਵਜ੍ਹਾ ਨਾਲ਼ ਲਿਸ਼ਕ ਰਿਹਾ ਸੀ ਅਤੇ ਉਸਦਾ ਨਾਮ ਅਬੂ ਅਬਸ ਸੀ। ਉਨ੍ਹਾਂ ਨੂੰ ਜਦ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਲਿਆਇਆ ਗਿਆ ਤਾਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਨਸੀਹਤ ਕਰਦੇ ਹੋਏ ਫ਼ਰਮਾਇਆ ਕਿ ਫ਼ੌਜ ਦੇ ਨਾਲ਼ ਨਾਲ਼ ਚੱਲਣਾ ਚਾਹੀਦਾ ਹੈ।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਬਨੂ ਗ਼ਤਫ਼ਾਨ ਵੱਲ ਸੁਲਹ ਦਾ ਸੁਨੇਹਾ ਵੀ ਭੇਜਿਆ ਸੀ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਵੀ ਇਹ ਖ਼ਬਰ ਹੋ ਚੁੱਕੀ ਸੀ ਕਿ ਬਨੂ ਗ਼ਤਫ਼ਾਨ ਨੇ ਖ਼ੈਬਰ ਦੇ ਰਹਿਣ ਵਾਲਿਆਂ ਦੀ ਮਦਦ ਕਰਨ ਦਾ ਵਾਅਦਾ ਕੀਤਾ ਹੈ ਅਤੇ ਹੁਣ ਉਹ ਹੋਰ ਚਾਰ ਹਜ਼ਾਰ ਦੀ ਫ਼ੌਜ ਲੈ ਕੇ ਇਸ ਇਰਾਦੇ ਨਾਲ਼ ਚੱਲ ਪਏ ਹਨ ਕਿ ਉਹ ਇਸਲਾਮੀ ਫ਼ੌਜ ਦੇ ਖ਼ੈਬਰ ਤੱਕ ਪਹੁੰਚਣ ਤੋਂ ਪਹਿਲਾਂ ਹੀ ਰਸਤੇ ਵਿੱਚ ਉਨ੍ਹਾਂ ‘ਤੇ ਹਮਲਾ ਕਰ ਦੇਣ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਬਨੂ ਗ਼ਤਫ਼ਾਨ ਨਾਲ਼ ਰਾਬਤਾ ਕੀਤਾ ਅਤੇ ਉਨ੍ਹਾਂ ਨੂੰ ਇੱਕ ਖ਼ਤ ਭੇਜਿਆ। ਜਿਸ ਵਿੱਚ ਲਿਖਿਆ ਸੀ ਕਿ ਉਹ ਖ਼ੈਬਰ ਦੇ ਨਾਲ਼ ਹੋਣ ਵਾਲੀ ਜੰਗ ਵਿੱਚ ਨਿਰਪੱਖ ਰਹਿਣ ਅਤੇ ਉਹਨਾਂ ਨੂੰ ਸਪਸ਼ਟ ਫ਼ਰਮਾਇਆ ਕਿ ਅੱਲਾਹ ਤਆਲਾ ਦਾ ਮੇਰੇ ਨਾਲ਼ ਵਾਅਦਾ ਹੈ ਕਿ ਉਹ ਮੈਨੂੰ ਫ਼ਤਿਹ ਦੇਵੇਗਾ। ਪਰ ਸੋਲ਼ਾਂ ਸੌ (1600) ਮੁਸਲਮਾਨਾਂ ਦੇ ਮੁਕ਼ਾਬਲੇ ਪੰਦਰਾ ਹਜ਼ਾਰ (15,000) ਜੰਗਜੂਆਂ ਦੀ ਫ਼ੌਜ ਅਤੇ ਮਜ਼ਬੂਤ ਕ਼ਿਲ੍ਹਿਆਂ ਦਾ ਮਾਣ ਉਨ੍ਹਾਂ ਦੇ ਸਿਰ ਉੱਤੇ ਸਮਾਇਆ ਹੋਇਆ ਸੀ। ਜਿਸ ਦੀ ਵਜ੍ਹਾ ਨਾਲ਼ ਉਨ੍ਹਾਂ ਨੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਇਸ ਪੇਸ਼ਕਸ਼ ਨੂੰ ਕ਼ਬੂਲ ਕਰਨ ਤੋਂ ਇਨਕਾਰ ਕਰ ਦਿੱਤਾ।

ਇਸ ‘ਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਖ਼ਜ਼ਰਜ ਕ਼ਬੀਲੇ ਦੇ ਸਰਦਾਰ ਅਤੇ ਮੁਖ਼ਲਿਸ ਸਹਾਬੀ ਹਜ਼ਰਤ ਸਾਅਦ ਬਿਨ ਉਬਾਦਾ ਰਜ਼ਿ ਅੱਲਾਹੁ ਅਨਹੁ ਨੂੰ ਬਨੂ ਗ਼ਤਫ਼ਾਨ ਦੇ ਸੈਨਾਪਤੀ ਉਯੈਨਾ ਬਿਨ ਹਿਸਨ ਦੇ ਵੱਲ ਭੇਜਿਆ। ਉਹ ਆਪ ਰਜ਼ਿ ਅੱਲਾਹੁ ਅਨਹੁ ਨੂੰ ਕ਼ਿਲ੍ਹੇ ਤੋਂ ਬਾਹਰ ਮਿਲਿਆ। ਆਪ ਰਜ਼ਿ ਅੱਲਾਹੁ ਅਨਹੁ ਨੇ ਉਸਨੂੰ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਸੁਨੇਹਾ ਦਿੱਤਾ। ਇਸ ‘ਤੇ ਉਯੈਨਾ ਨੇ ਆਪ ਰਜ਼ਿ ਅੱਲਾਹੁ ਅਨਹੁ ਨੂੰ ਕਿਹਾ ਕਿ ਅਸੀਂ ਆਪਣੇ ਹਲੀਫ਼ ਨੂੰ ਕਿਸੇ ਸੂਰਤ ਨਹੀਂ ਛੱਡਾਂਗੇ ਅਤੇ ਅਸੀਂ ਜਾਣਦੇ ਹਾਂ ਕਿ ਤੁਹਾਡੀ ਤਾਕਤ ਹੀ ਕਿੰਨੀ ਹੈ। ਜੇਕਰ ਤੁਸੀਂ ਮੁਕ਼ਾਬਲਾ ਕੀਤਾ ਤਾਂ ਤੁਸੀਂ ਸਭ ਹਲਾਕ ਹੋ ਜਾਓਗੇ ਅਤੇ ਇਹ ਕ਼ੁਰੈਸ਼ ਆਦੀ ਦੀ ਤਰ੍ਹਾਂ ਦੇ ਲੋਕ ਨਹੀਂ ਹਨ ਕਿ ਜਿਨ੍ਹਾਂ ‘ਤੇ ਤੁਸੀਂ ਫ਼ਤਿਹ ਪਾ ਲਈ ਸੀ। ਅਤੇ ਨਾਲ਼ ਇਹ ਵੀ ਕਿਹਾ ਕਿ ਮੇਰਾ ਇਹ ਸੁਨੇਹਾ ਮੁਹੰਮਦ (ਸੱਲ-ਲੱਲਾਹੁ ਅਲੈਹਿ-ਵਸੱਲਮ) ਨੂੰ ਵੀ ਦੇ ਦਿਓ। ਹਜ਼ਰਤ ਸਾਅਦ ਰਜ਼ਿ ਅੱਲਾਹੁ ਅਨਹੁ ਨੇ ਉਸਦੇ ਇਸ ਹਉਮੈ ਭਰੇ ਜਵਾਬ ਤੇ ਉਸਨੂੰ ਕਿਹਾ ਕਿ ਮੈਂ ਗਵਾਹੀ ਦਿੰਦਾ ਹਾਂ ਕਿ ਮੁਹੰਮਦ ਜ਼ਰੂਰ ਤੇਰੇ ਕੋਲ਼ ਇਸ ਕ਼ਿਲ੍ਹੇ ਵਿੱਚ ਆਉਣਗੇ ਅਤੇ ਹੁਣ ਇਸ ਵੇਲੇ ਜੋ ਪੇਸ਼ਕਸ਼ ਅਸੀਂ ਤੈਨੂੰ ਕੀਤੀ ਹੈ, ਉਸ ਵੇਲੇ ਤੂੰ ਸਾਡੇ ਕੋਲੋਂ ਇਹ ਮੰਗੇਂਗਾ ਪਰ ਤਦ ਤੈਨੂੰ ਤਲਵਾਰ ਦੇ ਸਿਵਾ ਕੁਝ ਨਹੀਂ ਮਿਲੇਗਾ। ਅਤੇ ਐ ਉਯੈਨਾ! ਮੈਂ ਦੇਖ ਚੁੱਕਿਆ ਹਾਂ ਕਿ ਅਸੀਂ ਮਦੀਨੇ ਦੇ ਯਹੂਦੀਆਂ ਦੇ ਵਿਹੜੇ ਵਿੱਚ ਵੀ ਉਤਰੇ ਸਾਂ ਅਤੇ ਉਹ ਬੁਰੀ ਤਰ੍ਹਾਂ ਤਬਾਹ ਹੋ ਗਏ ਸਨ।

ਖ਼ੁਦਾਈ ਰੋਅਬ ਅਤੇ ਗ਼ਤਫ਼ਾਨੀਆਂ ਦੇ ਫ਼ਰਾਰ ਹੋਣ ਦਾ ਵੀ ਜ਼ਿਕਰ ਮਿਲ਼ਦਾ ਹੈ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ نُصِرْتُ بِالرُّعْبِ ਕਿ ਮੈਨੂੰ ਰੋਅਬ ਨਾਲ਼ ਮਦਦ ਦਿੱਤੀ ਗਈ ਹੈ। ਇਹ ਵਾਕ਼ਿਆ ਇੱਥੇ ਅਮਲਨ ਇੱਕ ਵਾਰ ਫਿਰ ਗ਼ਤਫ਼ਾਨੀ ਫ਼ੌਜਾਂ ਦੇ ਲਈ ਰੂਨੁਮਾ ਹੋਇਆ। ਉਨ੍ਹਾਂ ਦੀ ਚਾਰ ਹਜ਼ਾਰ (4000) ਦੀ ਫ਼ੌਜ ਇਸਲਾਮੀ ਫ਼ੌਜ ‘ਤੇ ਹਮਲਾ ਕਰਨ ਲਈ ਪਿੱਛਾ ਕਰ ਰਹੀ ਸੀ ਤਾਂ ਜੋ ਮੁਸਲਮਾਨਾਂ ਨੂੰ ਖ਼ੈਬਰ ਪਹੁੰਚਣ ਤੋਂ ਪਹਿਲਾਂ ਰੋਕ ਲੈਣ। ਪਰ ਕੋਈ ਅਜਿਹੀ ਖ਼ੁਦਾਈ ਤਕ਼ਦੀਰ ਪ੍ਰਗਟ ਹੋਈ ਕਿ ਉਨ੍ਹਾਂ ਦੀ ਇਹ ਫ਼ੌਜ ਅਚਾਨਕ ਵਾਪਸ ਪਰਤ ਆਈ ਅਤੇ ਆਪਣੇ ਘਰਾਂ ਵੱਲ ਪਰਤ ਗਈ।

ਯਹੂਦੀਆਂ ਨੂੰ ਇਹ ਗੁਮਾਨ ਨਹੀਂ ਸੀ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਉਨ੍ਹਾਂ ‘ਤੇ ਹਮਲਾ ਕਰਨਗੇ ਕਿਉਂਕਿ ਉਨ੍ਹਾਂ ਨੂੰ ਆਪਣੇ ਕ਼ਿਲ੍ਹਿਆਂ, ਅਸਲੇ ਅਤੇ ਫ਼ੌਜ ਦੀ ਤਾਅਦਾਦ ‘ਤੇ ਘਮੰਡ ਸੀ। ਜਦ ਯਹੂਦੀਆਂ ਨੂੰ ਇਹ ਪਤਾ ਲੱਗਾ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਉਨ੍ਹਾਂ ਦੇ ਵੱਲ ਆ ਰਹੇ ਹਨ ਤਾਂ ਉਹ ਹਰ ਦਿਨ ਦੱਸ ਹਜ਼ਾਰ (10,000) ਜੰਗਜੂ ਆਦਮੀ ਲਾਈਨਾਂ ਬੰਨ੍ਹ ਕੇ ਬਾਹਰ ਨਿਕਲ਼ਦੇ ਅਤੇ ਕਹਿੰਦੇ ਕਿ ਦੇਖੋ, ਕੀ ਮੁਹੰਮਦ (ਸੱਲ-ਲੱਲਾਹੁ ਅਲੈਹਿ-ਵਸੱਲਮ) ਸਾਡੇ ਤੇ ਚੜ੍ਹਾਈ ਕਰੇਗਾ? ਇਹ ਨਾਮੁਮਕਿਨ ਹੈ। ਜਦ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਉਨ੍ਹਾਂ ਦੇ ਕੋਲ਼ ਪਹੁੰਚੇ ਤਾਂ ਇਨ੍ਹਾਂ ਨੂੰ ਖ਼ਬਰ ਨਾ ਹੋਈ, ਇਥੋਂ ਤੱਕ ਕਿ ਸੂਰਜ ਉੱਗ ਗਿਆ। ਸਵੇਰੇ ਜਦ ਯਹੂਦੀ ਆਪਣੇ ਕ਼ਿਲ੍ਹਿਆਂ ‘ਚੋਂ ਬਾਹਰ ਨਿਕਲ਼ੇ ਉਨ੍ਹਾਂ ਦੇ ਹੱਥਾਂ ਵਿੱਚ ਰੰਬੀਆਂ ਅਤੇ ਟੋਕਰੀਆਂ ਸਨ। ਜਦ ਉਹਨਾਂ ਨੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਦੇਖਿਆ ਤਾਂ ਭੱਜ ਕੇ ਆਪਣੇ ਕ਼ਿਲ੍ਹਿਆਂ ਵਿੱਚ ਲੁਕ ਗਏ। ਹਜ਼ਰਤ ਅਨਸ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ

ਜਦ ਉਨ੍ਹਾਂ ਨੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਦੇਖਿਆ ਤਾਂ ਕਹਿਣ ਲੱਗੇ ਕਿ ਮੁਹੰਮਦ(ਸੱਲ-ਲੱਲਾਹੁ ਅਲੈਹਿ-ਵਸੱਲਮ)! ਅੱਲਾਹ ਦੀ ਸਹੁੰ! ਮੁਹੰਮਦ ਅਤੇ ਫ਼ੌਜ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ خَرِبَتْ خَيْبَرُ! إِنَّا إِذَا نَزَلْنَا بِسَاحَةِ قَوْمٍ فَسَاءَ صَبَاحُ الْمُنْذَرِيْنَ ਕਿ ਖ਼ੈਬਰ ਬਰਬਾਦ ਹੋ ਗਿਆ! ਜਦ ਅਸੀਂ ਕਿਸੇ ਕ਼ੌਮ ਦੇ ਵਿਹੜੇ ਵਿੱਚ ਉਤਰਦੇ ਹਾਂ ਤਾਂ ਡਰਾਏ ਜਾਣ ਵਾਲਿਆਂ ਦੀ ਸਵੇਰ ਮਾੜੀ ਹੁੰਦੀ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਖ਼ੈਬਰ ਦੇ ਵੱਖ-ਵੱਖ ਕਿ਼ਲ੍ਹੇ ਸਨ। ਉਨ੍ਹਾਂ ਦੀ ਤਫ਼ਸੀਲ ਦੇ ਬਾਰੇ ਵੀ ਬਿਆਨ ਜ਼ਰੂਰੀ ਹੈ, ਖ਼ੈਬਰ ਦੀ ਜਿਓਗ੍ਰਾਫ਼ਿਆਈ ਵੰਡ ਦੇ ਹਵਾਲੇ ਨਾਲ਼ ਇਸ ਦੇ ਕਿ਼ਲ੍ਹਿਆਂ ਦਾ ਜ਼ਿਕਰ ਇੰਝ ਹੈ ਕਿ ਕਿਉਂਕਿ ਇਹ ਜੰਗ ਕਿ਼ਲ੍ਹਿਆਂ ਨਾਲ਼ ਹੀ ਸੰਬੰਧਿਤ ਰਹੀ ਜਿਹੜੇ ਇੱਕ ਦੇ ਬਾਅਦ ਇੱਕ ਫ਼ਤਿਹ ਹੋਏ। ਨਾ ਸਿਰਫ਼ ਇਨ੍ਹਾਂ ਕਿ਼ਲ੍ਹਿਆਂ ਦੀ ਤਾਅਦਾਦ ਦੇ ਬਾਰੇ ਬਲਕਿ ਇਨ੍ਹਾਂ ਦੇ ਨਾਂਵਾਂ ਵਿੱਚ ਵੀ ਅਸਹਿਮਤੀ ਹੈ। ਸਾਰੀਆਂ ਕਿਤਾਬਾਂ ਨੂੰ ਦੇਖਿਆ ਜਾਏ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਖ਼ੈਬਰ ਦਾ ਇਲਾਕ਼ਾ ਤਿੰਨ ਹਿੱਸਿਆਂ ਵਿੱਚ ਵੰਡਿਆ ਹੋਇਆ ਸੀ, ਨਤਾਹ,ਸ਼ੱਕ ਅਤੇ ਕੁਤੈਬਾ।

ਜੰਗ ਸ਼ੁਰੂ ਹੋਣ ਤੋਂ ਪਹਿਲਾਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਸਹਾਬਾ ਨਾਲ਼ ਇੱਕ ਨਿੱਕਾ ਜਿਹਾ ਖ਼ਿਤਾਬ ਕੀਤਾ ਅਤੇ ਫ਼ਰਮਾਇਆ ਕਿ ਦੁਸ਼ਮਣ ਨਾਲ਼ ਸਾਹਮਣਾ ਹੋਣ ਦੀ ਤਮੰਨਾ ਨਾ ਕਰੋ, ਅੱਲਾਹ ਤਆਲਾ ਤੋਂ ਖ਼ੈਰ ਮੰਗੋ, ਤੁਹਾਨੂੰ ਪਤਾ ਨਹੀਂ ਕਿ ਤੁਸੀਂ ਕਿਸ ਅਜ਼ਮਾਇਸ਼ ਵਿੱਚ ਪਾਏ ਜਾਓਗੇ। ਜਦ ਤੁਸੀਂ ਦੁਸ਼ਮਣ ਦੇ ਸਾਹਮਣੇ ਆਓ ਤਾਂ ਇਹ ਦੁਆ ਕਰੋ ਕਿ ਐ ਅੱਲਾਹ! ਤੂੰ ਸਾਡਾ ਰੱਬ ਹੈਂ ਅਤੇ ਉਨ੍ਹਾਂ ਦਾ ਰੱਬ ਹੈਂ, ਉਨ੍ਹਾਂ ਦੀ ਪਰੇਸ਼ਾਨੀਆਂ ਅਤੇ ਸਾਡੀਆਂ ਪਰੇਸ਼ਾਨੀਆਂ ਤੇਰੇ ਹੱਥ ਵਿੱਚ ਹਨ ਤੂੰ ਹੀ ਇਨ੍ਹਾਂ ਨੂੰ ਕ਼ਤਲ ਕਰੇਂਗਾ।

ਕਿ਼ਲ੍ਹਾ ਨਾਇਮ ਯਹੂਦੀਆਂ ਦਾ ਸਭ ਤੋਂ ਮਜ਼ਬੂਤ ਕਿ਼ਲ੍ਹਾ ਸੀ ਅਤੇ ਖ਼ੈਬਰ ਦਾ ਬਹਾਦੁਰ ਤਰੀਨ ਅਤੇ ਮਸ਼ਹੂਰ ਜੰਗਜੂ ਮਰਹਬ ਇਸ ਕਿ਼ਲ੍ਹਾ ਦੇ ਬਚਾਅ ਦੀ ਅਗਵਾਈ ਕਰ ਰਿਹਾ ਸੀ। ਰਿਵਾਇਤ ਤੋਂ ਪਤਾ ਲੱਗਦਾ ਹੈ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੱਸ ਦਿਨ ਤੱਕ ਲਗਾਤਾਰ ਜੰਗ ਕਰਦੇ ਰਹੇ। ਵਾਰ-ਵਾਰ ਦੀ ਨਾਕਾਮੀ ਅਤੇ ਸਹਾਬਾ ਦੇ ਜ਼ਖ਼ਮੀ ਹੋਣ ਅਤੇ ਦੋ ਸਹਾਬਾ ਦੀ ਸ਼ਹਾਦਤ ਨਾਲ਼ ਯਹੂਦੀਆਂ ਦੇ ਹੌਂਸਲੇ ਹੋਰ ਵਧ ਗਏ ਸਨ। ਆਖ਼ਿਰ ਇੱਕ ਰਾਤ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਕੱਲ ਮੈਂ ਉਸ ਸ਼ਖ਼ਸ ਦੇ ਹੱਥ ਵਿੱਚ ਝੰਡਾ ਦੇਵਾਂਗਾ ਜਿਸ ਦੇ ਹੱਥ 'ਤੇ ਅੱਲਾਹ ਤਆਲਾ ਫ਼ਤਿਹ ਦੇਵੇਗਾ, ਉਹ ਅੱਲਾਹ ਅਤੇ ਉਸਦੇ ਰਸੂਲ ਨਾਲ਼ ਮੁਹੱਬਤ ਕਰਦਾ ਹੈ।

ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਨੇ ਇਸ ਬਾਰੇ ਇੰਝ ਫ਼ਰਮਾਇਆ ਹੈ ਕਿ ਇੱਕ ਦਿਨ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਖ਼ੁਦਾ ਤਆਲਾ ਨੇ ਦੱਸਿਆ ਕਿ ਇਸ ਸ਼ਹਿਰ ਦੀ ਫ਼ਤਿਹ ਹਜ਼ਰਤ ਅਲੀ ਰਜ਼ਿ ਅੱਲਾਹੁ ਅਨਹੁ ਦੇ ਹੱਥ 'ਤੇ ਹੋਵੇਗੀ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਅਲੀ ਰਜ਼ਿ ਅੱਲਾਹੁ ਅਨਹੁ ਨੂੰ ਬੁਲਾਇਆ ਅਤੇ ਝੰਡਾ ਉਨ੍ਹਾਂ ਦੇ ਸਪੁਰਦ ਕੀਤਾ, ਜਿਨ੍ਹਾਂ ਨੇ ਸਹਾਬਾ ਦੀ ਫ਼ੌਜ ਨਾਲ਼ ਲੈ ਕੇ ਕਿ਼ਲ੍ਹੇ 'ਤੇ ਹਮਲਾ ਕੀਤਾ। ਬਾਵਜੂਦ ਇਸ ਦੇ ਕਿ ਕਈ ਯਹੂਦੀ ਕਿ਼ਲ੍ਹਾਬੰਦ ਸਨ, ਅੱਲਾਹ ਤਆਲਾ ਨੇ ਹਜ਼ਰਤ ਅਲੀ ਰਜ਼ਿ ਅੱਲਾਹੁ ਅਨਹੁ ਅਤੇ ਦੂਸਰੇ ਸਹਾਬਾ ਨੂੰ ਉਸ ਦਿਨ ਅਜਿਹੀ ਤਾਕ਼ਤ ਬਖ਼ਸ਼ੀ ਕਿ ਸ਼ਾਮ ਤੋਂ ਪਹਿਲਾਂ ਪਹਿਲਾਂ ਕਿ਼ਲ੍ਹਾ ਫ਼ਤਿਹ ਹੋ ਗਿਆ। ਜਦ ਯਹੂਦੀ ਹਾਰ ਗਏ ਅਤੇ ਕਿ਼ਲ੍ਹਾ ਨਾਇਮ ਤੇ ਮੁਸਲਮਾਨਾਂ ਦਾ ਹਮਲਾ ਰੋਕਣ ਤੋਂ ਲਾਚਾਰ ਹੋ ਗਏ ਤਾਂ ਉਹ ਆਪ ਹੀ ਸਹੂਲਤ ਦੇ ਨਾਲ਼ ਕਿ਼ਲ੍ਹਾ ਸਾਅਬ ਬਿਨ ਮੁਆਜ਼ ਵਿੱਚ ਚਲੇ ਗਏ। ਅਤੇ ਕਿ਼ਲ੍ਹਾ ਨਾਇਮ ਦੇ ਮੋਰਚੇ ਵਿੱਚ ਕੋਈ ਇੱਕ ਯਹੂਦੀ ਵੀ ਮੁਸਲਮਾਨਾਂ ਦੇ ਹੱਥ ਕ਼ੈਦ ਨਹੀਂ ਹੋਇਆ। ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਬਾਕ਼ੀ ਕਿ਼ਲ੍ਹਿਆਂ ਦੇ ਵਾਕਿ਼ਆਤ ਦੀ ਤਫ਼ਸੀਲ ਵੀ ਹੈ ਜਿਹੜੀ ਇੰਨਸ਼ਾ ਅੱਲਾਹ ਆਇੰਦਾ ਬਿਆਨ ਹੋਵੇਗੀ।

ਹਜ਼ੂਰ ਨੇ ਆਖ਼ਿਰ 'ਤੇ ਫ਼ਰਮਾਇਆ ਜਿਵੇਂ ਕਿ ਮੈਂ ਦੁਆ ਦੇ ਲਈ ਕਹਿੰਦਾ ਰਹਿੰਦਾ ਹਾਂ, ਦੁਨੀਆਂ ਦੇ ਹਾਲਾਤਾਂ ਬਾਰੇ, ਮੁਸਲਮਾਨਾਂ ਦੇ ਹਾਲਾਤ ਬਾਰੇ, ਫ਼ਿਲਿਸਤੀਨੀਆਂ ਦੇ ਲਈ ਖ਼ਾਸ ਦੁਆ ਅਤੇ ਮੁਸਲਮਾਨ ਦੁਨੀਆ ਦੇ ਲਈ ਆਮ ਦੁਆ ਬਹੁਤ ਕਰੋ। ਇਨ੍ਹਾਂ ਦੇ ਹਾਲਾਤਾਂ ਤੋਂ ਬਜ਼ਾਹਿਰ ਤਾਂ ਲੱਗਦਾ ਹੈ ਕਿ ਲੋਕ ਖ਼ੁਸ਼ ਹਨ ਕਿ ਸ਼ਾਇਦ ਸੀਜ਼ ਫ਼ਾਇਰ ਹੋ ਜਾਏ ਤਾਂ ਹਾਲਾਤ ਬਿਹਤਰ ਹੋ ਜਾਣਗੇ ਪਰ ਬਦ ਤੋਂ ਬਦਤਰ ਹੋ ਰਹੇ ਹਨ। ਨਵੇਂ ਅਮਰੀਕੀ ਸਦਰ ਦੀ ਪਾਲਸੀ ਅਤੇ ਸਕੀਮ ਜ਼ੁਲਮ ਦੀ ਇੱਕ ਹੋਰ ਇੰਨ੍ਤਿਹਾ ਨੂੰ ਪਹੁੰਚੀ ਹੋਈ ਹੈ। ਪਹਿਲਾਂ ਤਾਂ ਅਮਰੀਕਨ ਲੋਕ ਕਹਿੰਦੇ ਸਨ ਕਿ ਸਾਡੇ ਮੁਲਕ ਦੇ ਲਈ ਖ਼ਤਰਨਾਕ ਹੈ, ਬਾਹਰੀ ਦੁਨੀਆ ਵਿੱਚ ਦਖ਼ਲ ਅੰਦਾਜ਼ੀ ਨਹੀਂ ਕਰਦਾ, ਪਰ ਹੁਣ ਤਾਂ ਇਹ ਸਾਰੀ ਦੁਨੀਆ ਦੇ ਲਈ

ਖ਼ਤਰਨਾਕ ਬਣ ਚੁੱਕਿਆ ਹੈ। ਅੱਲਾਹ ਤਆਲਾ ਫ਼ਿਲਿਸਤੀਨੀਆਂ 'ਤੇ ਰਹਿਮ ਫ਼ਰਮਾਏ ਅਤੇ ਦੁਨੀਆ 'ਤੇ ਰਹਿਮ ਫ਼ਰਮਾਏ ਅਤੇ ਉਸ ਤੋਂ ਬਚੇ ਰਹਿਣ। ਅਰਬ ਮੁਲਕ ਹਾਲੇ ਵੀ ਆਪਣੀ ਅੱਖਾਂ ਖੋਲ੍ਹਣ ਅਤੇ ਏਕਾ ਕ਼ਾਇਮ ਕਰਨ ਦੀ ਕੋਸ਼ਿਸ਼ ਕਰਨ। ਇਸ ਦੇ ਬਗ਼ੈਰ ਗੁਜ਼ਾਰਾ ਨਹੀਂ ਹੈ। ਨਹੀਂ ਤਾਂ ਫ਼ਿਲਿਸਤੀਨ ਹੀ ਨਹੀਂ ਬਾਕ਼ੀ ਅਰਬ ਮੁਲਕ ਵੀ ਸਖ਼ਤ ਮੁਸ਼ਕਿਲਾਂ ਦਾ ਸਾਹਮਣਾ ਕਰਨਗੇ। ਭਾਵੇਂ ਹੁਣ ਕੁੱਝ ਗ਼ੈਰ ਮੁਸਲਿਮਾਂ ਦੇ ਵੱਲੋਂ ਵੀ ਫ਼ਿਲਿਸਤੀਨੀਆਂ ਦੇ ਹੱਕ਼ ਵਿੱਚ ਜ਼ੁਲਮ ਦੇ ਖ਼ਿਲਾਫ਼ ਆਵਾਜ਼ਾਂ ਉੱਠਣ ਲੱਗੀਆਂ ਹਨ। ਲੇਕਿਨ ਜੋ ਤਾਕ਼ਤਵਰ ਹਨ ਉਹ ਤਾਂ ਇਸ ਵੇਲੇ ਪੂਰੇ ਤੌਰ ਤੇ ਆਪਣੀ ਤਾਕ਼ਤ ਦੇ ਨਸ਼ੇ ਵਿੱਚ ਚੂਰ ਹਨ, ਕਿਸੇ ਦੀ ਸੁਣਨਾ ਨਹੀਂ ਚਾਹੁੰਦੇ। ਸੋ ਬਹੁਤ ਜ਼ਿਆਦਾ ਮੁਸਲਮਾਨਾਂ ਨੂੰ ਧਿਆਨ ਦੇਣ ਦੀ ਲੋੜ ਹੈ ਅਤੇ ਸਾਨੂੰ ਉਨ੍ਹਾਂ ਦੇ ਲਈ ਦੁਆਵਾਂ ਕਰਨ ਦੀ ਲੋੜ ਹੈ। ਸਾਡੇ ਕੋਲ ਤਾਂ ਕੋਈ ਹੋਰ ਤਾਕ਼ਤ ਨਹੀਂ।

ਇਸੇ ਤਰ੍ਹਾਂ ਪਾਕਿਸਤਾਨ ਦੇ ਅਹਿਮਦੀਆਂ ਲਈ ਵੀ ਦੁਆ ਕਰੋ, ਉਨ੍ਹਾਂ ਦੇ ਹਾਲਾਤ ਵੀ ਕਈ ਵਾਰ ਬਹੁਤ ਜ਼ਿਆਦਾ ਸ਼ਿੱਦਤ ਇਖ਼ਤਿਆਰ ਕਰ ਜਾਂਦੇ ਹਨ ਮੁਖ਼ਾਲਫ਼ਤ ਵਿੱਚ। ਬੰਗਲਾਦੇਸ਼ ਦੇ ਅਹਿਮਦੀਆਂ ਲਈ ਵੀ ਦੁਆ ਕਰੋ। ਅੱਲਾਹ ਤਆਲਾ ਉਨ੍ਹਾਂ ਨੂੰ ਹਰ ਕ਼ਿਸਮ ਦੀਆਂ ਮੁਖ਼ਾਲਫ਼ਤਾਂ ਅਤੇ ਹਮਲਿਆਂ ਤੋਂ ਬਚਾਏ। ਬਾਕ਼ੀ ਜਗ੍ਹਾ 'ਤੇ ਵੀ ਮਜ਼ਲੂਮ ਲੋਕਾਂ ਦੇ ਲਈ ਦੁਆ ਕਰੋ, ਮਜ਼ਲੂਮ ਅਹਮਦਿਆਂ ਦੇ ਲਈ ਦੁਆ ਕਰੋ। ਅੱਲਾਹ ਤਆਲਾ ਉਨ੍ਹਾਂ ਸਾਰਿਆਂ ਨੂੰ ਆਪਣੀ ਹਿਫ਼ਾਜ਼ਤ ਵਿੱਚ ਰੱਖੇ, ਦੁਨੀਆ ਨੂੰ ਅਕ਼ਲ ਦੇਵੇ ਅਤੇ ਉਨ੍ਹਾਂ ਸਭਨਾਂ ਦਾ ਅਮਨ ਕ਼ਾਇਮ ਕਰਨ ਵੱਲ ਧਿਆਨ ਪੈਦਾ ਹੋਵੇ। ਅੱਲਾਹ ਤਆਲਾ ਸਾਨੂੰ ਦੁਆਵਾਂ ਕਰਨ ਦੀ ਤੌਫ਼ੀਕ਼ ਦੇਵੇ। ਆਮੀਨ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ ۞ عِبَادَ اللّٰهِ رَحِمَكُمُ اللّٰهُ إِنَّ اللّٰهَ يَأْمُرُ بِالْعَدْلِ وَالْإِحْسَانِ وَ إِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞